# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
## (ਪ੍ਰਮੋਸ਼ਨ ਸੈੱਲ)

ਹੁਕਮ ਨੰਬਰ- (ਈ-711675/2023)/(ਪੀ-3)
ਮਿਤੀ, ਐਸ.ਏ.ਐਸ.ਨਗਰ- 12.11.2025

1. ਮਿਤੀ 13.11.2020 ਨੂੰ ਸਿੱਖਿਆ ਵਿਭਾਗ (ਸਕੂਲਜ਼) ਪੰਜਾਬ, ਅਧੀਨ ਕੰਮ ਕਰਦੇ ਓ.ਸੀ.ਟੀ. ਕਾਡਰ ਦੇ ਕਰਮਚਾਰੀਆਂ ਦੀਆਂ ਮਾਸਟਰ ਕਾਡਰ ਦੇ ਵੱਖ-2 ਵਿਸ਼ਿਆਂ ਵਿੱਚ ਪਦ-ਉੱਨਤੀਆਂ ਕੀਤੀਆਂ ਗਈਆਂ, ਜਿਸ ਵਿੱਚ ਪੀ.ਟੀ.ਆਈ. ਕਾਡਰ ਤੋਂ ਬਤੌਰ ਫਿਜੀਕਲ ਐਜੂਕੇਸ਼ਨ ਮਾਸਟਰ ਪਦ-ਉਨਤੀ ਦੇ ਕੇਸ ਨਹੀਂ ਵਿਚਾਰੇ ਜਾ ਸਕੇ।
2. ਇਸ ਸਬੰਧੀ ਕਈ ਸੀਨੀਅਰ ਕਰਮਚਾਰੀ ਜੋ ਕਿ ਉਸ ਸਮੇਂ ਫਿਜੀਕਲ ਐਜੂਕੇਸ਼ਨ ਮਾਸਟਰ ਦੀ ਪਦ-ਉੱਨਤੀ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਸਨ, ਉਨਾਂ ਵੱਲੋਂ ਪ੍ਰਾਪਤ ਪ੍ਰਤੀ-ਬੇਨਤੀਆਂ ਨੂੰ ਵਿਚਾਰਨ ਉਪਰੰਤ ਹੇਠ ਲਿਖੇ ਕਰਮਚਾਰੀਆਂ ਦੀ ਪਦ-ਉੱਨਤੀ ਮਿਤੀ 13.11.2020 ਤੋਂ ਨੋਸ਼ਨਲ ਤੌਰ ਤੇ ਬਤੌਰ ਫਿਜੀਕਲ ਐਜੂਕੇਸ਼ਨ ਮਾਸਟਰ ਕੀਤੀ ਜਾਂਦੀ ਹੈ-

| Sr No | Interse Sen No | Staff I D | Name of Employee | Desi. | Place of working | District |
|---|---|---|---|---|---|---|
| 1 | 1945 | 429278799 | AMRITPAL SINGH | PTI | G.H.S HISSOWAL LDH | LUDHIANA |
| 2 | 3445 | 212272904 | PARMJEET KAUR | PTI | GMS JHANERI COMPLEX GSSS GHARCHON | SANGRUR |
| 3 | 3854 | 643172259 | Jagshir Singh | PTI | GMS Bappiana Complex BBGSS(B) Phaphre Bhai Ke | Mansa |
| 4 | 3893 | 555230108 | Satwinder Kaur | PTI | GMS, Phase-2 Mohali | S.A.S. Nagar |
| 5 | 4118 | 855698470 | HARMANDER SINGH | P.T.I | GHS LALENANA | BATHINDA |
| 6 | 4511 | 978212469 | NAVRINDER KAUR | PTI | GMS MOHALLA KHOKHRAN FARIDKOT | FARIDKOT |
| 7 | 4550 | 725126520 | Rupinderjit Singh | Art &Craft Teacher | GHS Gholia Kalan (Moga) | Moga |

2/2

| | | | | | | |
|---|---|---|---|---|---|---|
| 8 | 5044 | 665399882 | MANDEEP SINGH | PTI | GHS SARDARGARH | BATHINDA |

ਸ਼ਰਤਾਂ-

1) ਜੇਕਰ ਕਿਸੇ ਵੀ ਸਟੇਜ ਤੇ ਅਜਿਹਾ ਪਾਇਆ ਗਿਆ ਕਿ ਕਿਸੇ ਕਰਮਚਾਰੀ ਨੇ ਆਪਣੀ ਵਿੱਦਿਅਕ ਯੋਗਤਾ ਕਟ-ਆਫ਼ ਮਿਤੀ ਤੋਂ ਬਾਅਦ ਪ੍ਰਾਪਤ ਕੀਤੀ ਹੈ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

2) ਇਹ ਪਦ-ਉੱਨਤੀਆਂ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਸੰਬੰਧਤ ਸੇਵਾ ਨਿਯਮਾਂ ਅਧੀਨ ਕੀਤੀਆਂ ਗਈਆਂ ਹਨ। ਪਦ-ਉੱਨਤ ਹੋਏ ਸਮੂਹ ਕਰਮਚਾਰੀਆਂ ਦੇ ਵੇਰਵੇ ਸਮੂਹ ਜ਼ਿਲਾ ਸਿੱਖਿਆ ਅਫਸਰਾਂ ਰਾਹੀਂ, ਗੂਗਲ ਫਾਰਮਾਂ ਰਾਹੀਂ ਅਤੇ ਨਿੱਜੀ ਫਾਈਲਾਂ ਰਾਹੀਂ ਪ੍ਰਾਪਤ ਹੋਏ ਹਨ। ਜੇਕਰ ਬਾਅਦ ਵਿੱਚ ਕਿਸੇ ਵੀ ਕਰਮਚਾਰੀ ਦੇ ਵੇਰਵੇ ਗਲਤ ਪਾਏ ਗਏ, ਜਿਸ ਕਾਰਨ ਸੰਬੰਧਿਤ ਕਰਮਚਾਰੀ ਦਾ ਪ੍ਰਮੋਸ਼ਨ ਦਾ ਕਲੇਮ ਨਾ ਬਣਦਾ ਹੋਵੇ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

3) ਸਿਵਲ ਅਪੀਲ ਨੰਬਰ 1385 ਆਫ 2025 ANJUMAN ISHAT-E-TALEEM TRUST V/S State of Maharashtra ਅਤੇ ਹੋਰਨਾਂ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ Teacher Eligibility Test ਸਬੰਧੀ ਦਿੱਤੇ ਗਏ ਫੈਸਲੇ / ਮਿਤੀ 01.09.2025 ਅਧੀਨ ਪਦ-ਉੱਨਤੀ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 2 ਸਾਲ ਦੇ ਅੰਦਰ-2 PSTET-2 ਪਾਸ ਕਰਨਾ ਲਾਜਮੀ ਹੈ। ਜੇਕਰ ਨਿਰਧਾਰਿਤ ਸਮੇਂ ਦੇ ਅੰਦਰ ਕਰਮਚਾਰੀ PSTET-2 ਪਾਸ ਨਹੀਂ ਕਰਦਾ ਤਾਂ ਉਸਨੂੰ ਮੁਢਲੇ ਕਾਡਰ ਵਿੱਚ ਰਿਵਰਟ ਕਰ ਦਿੱਤਾ ਜਾਵੇਗਾ।

ਗੁਰਿੰਦਰ ਸਿੰਘ ਸੋਢੀ, ਪੀ.ਸੀ.ਐਸ.
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰਬਰ- ਉਕਤ/ 2025332859 ਮਿਤੀ, ਐਸ.ਏ.ਐਸ.ਨਗਰ 12.11.2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਗੂਗਲ ਫਾਰਮਾਂ ਵਿੱਚ ਸਬੰਧਤ ਕਰਮਚਾਰੀਆਂ ਦੇ ਦਰਜ ਵੇਰਵੇ, ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਉਣ ਸਮੇਂ ਮੁੜ ਚੈੱਕ ਕਰ ਲਏ ਜਾਣ ਅਤੇ ਉਕਤ ਸ਼ਰਤਾਂ ਅਧੀਨ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ। ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਯੋਗਤਾ ਹਾਸਲ ਕਰਨ ਵਾਲੇ ਕਰਮਚਾਰੀਆਂ ਦੀ ਯੋਗਤਾ ਯੂ.ਜੀ.ਸੀ. ਦੀਆਂ ਗਾਈਡਲਾਈਨਜ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਧੀਨ ਵੈਰੀਫਾਈ ਕੀਤੀ ਜਾਵੇ। ਪਦ-ਉੱਨਤ ਕਰਮਚਾਰੀਆਂ ਦੇ ਕੇਸ ਵਿਭਾਗੀ ਨਿਯਮ 2018 ਅਧੀਨ ਕੇਸ ਚੈੱਕ ਕਰਨ ਉਪਰੰਤ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ। ਜੇਕਰ ਕਿਸੇ ਕਰਮਚਾਰੀ ਦਾ ਕੇਸ ਕਿਸੇ ਵੀ ਤਰਾਂ ਨਾਲ ਅਯੋਗ ਪਾਇਆ ਜਾਂਦਾ ਹੈ ਤਾਂ ਤੁਰੰਤ ਅਗਵਾਈ ਲਈ ਵਾਪਿਸ ਭੇਜਿਆ ਜਾਵੇ।
2. ਸਬੰਧਤ ਡੀ.ਡੀ.ਓ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪਦ-ਉੱਨਤ ਕਰਮਚਾਰੀ ਦੀ ਹਰ ਪੱਖੋਂ ਯੋਗਤਾ ਨੂੰ ਵੈਰੀਫਾਈ ਕਰਦਿਆਂ ਉਕਤ ਵਰਣਿਤ ਸ਼ਰਤਾਂ ਅਧੀਨ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ।
3. ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)